30 ਸਤੰਬਰ, 2019

# ਸੀ ਟੀ ਐੱਸ ਲਸੰਸ ਟੈਗ ਮੈਨੇਜਮੈਂਟ ਪਾਲਸੀ

ਮਾਰਚ 2019 ਵਿਚ, ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ (ਓ ਬੀ ਸੀ ਸੀ ਟੀ ਸੀ) ਨੇ ਸਲਾਹ-ਮਸ਼ਵਰੇ ਲਈ ਅਤੇ ਵਾਧੂ ਟਰੱਕ ਟੈਗ ਅਰਜ਼ੀਆਂ ਨੂੰ ਰੱਦ ਕਰਨ ਬਾਰੇ ਆਪਣੇ ਵੈੱਬਸਾਈਟ ਉੱਪਰ ਮੌਜੂਦਾ ਟੈਗ ਮੈਨੇਜਮੈਂਟ ਪਾਲਸੀ (ਪਾਲਸੀ) ਵਿਚ ਸੋਧਾਂ ਪੋਸਟ ਕੀਤੀਆਂ। ਲਿਖਤੀ ਵਿਚਾਰ ਦੇਣ ਦਾ ਇਕ ਹੋਰ ਸੱਦਾ 7 ਮਈ, 2019 ਨੂੰ ਦਿੱਤਾ ਗਿਆ ਸੀ ਅਤੇ ਤਿਮਾਹੀ (ਕਿਊ) 1 2019 ਟਰੱਕ ਟੈਗ ਦੀ ਕਾਰਗੁਜ਼ਾਰੀ ਦਾ ਰਿਵੀਊ ਉਸ ਸਮੇਂ ਅੱਗੇ ਪਾ ਦਿੱਤਾ ਗਿਆ ਸੀ।

ਓ ਬੀ ਸੀ ਸੀ ਟੀ ਸੀ ਨੇ ਪਾਲਸੀ ਦੇ ਕੁਝ ਹਿੱਸੇ ਇਸ ਦੀ ਵਰਤੋਂ ਸੰਬੰਧੀ ਫਿਕਰਾਂ ਅਤੇ ਸਲਾਹ-ਮਸ਼ਵਰੇ ਤੋਂ ਬਾਅਦ ਪਾਲਸੀ ਵਿਚ ਸੰਭਵ ਤਬਦੀਲੀਆਂ ਦੀ ਸੰਭਾਵਨਾ ਦੇ ਜਵਾਬ ਵਜੋਂ ਰੋਕੇ ਸਨ। ਅੱਜ ਦੀ ਤਾਰੀਕ ਤੱਕ, ਹਿੱਤ ਰੱਖਣ ਵਾਲੀਆਂ ਧਿਰਾਂ ਵਲੋਂ ਪਾਲਸੀ ਵਿਚ ਇਹ ਤਬਦੀਲੀਆਂ ਤਜਵੀਜ਼ ਕੀਤੀਆਂ ਗਈਆਂ ਹਨ:

- ਬਿਜ਼ਨਸ ਦੀਆਂ ਮੰਗਾਂ ਵਿਚ ਤਬਦੀਲੀ ਅਤੇ ਡਰਾਈਵਰਾਂ ਦੀ ਤਬਦੀਲੀ ਦੇ ਪੱਖ ਵਿਚ ਖਾਲੀ ਟਰੱਕ ਟੈਗਜ਼ ਨੂੰ ਹਟਾਉ ਅਤੇ ਦੁਬਾਰਾ ਵੰਡੋ;
- ਇਹ ਪੱਕਾ ਕਰਨਾ ਜਾਰੀ ਰੱਖੋ ਕਿ ਆਈ/ਓ ਲਿਸਟ ਉੱਪਰ ਉਪਲਬਧ ਆਈ/ਓਜ਼ ਦੀ ਢੁਕਵੀਂ ਗਿਣਤੀ ਹੋਵੇ;
- ਕੰਪਨੀ ਡਰਾਈਵਰਾਂ ਨੂੰ ਆਈ/ਓ ਲਿਸਟ ਉੱਪਰ ਪਾਏ ਜਾਣ ਲਈ ਅਪਲਾਈ ਕਰਨ ਦੀ ਆਗਿਆ ਦਿਉ; ਅਤੇ
- ਟਰੱਕ ਟੈਗ ਦੀ ਕਾਰਗੁਜ਼ਾਰੀ ਦੇ ਰਿਵੀਊ ਦੇ ਕਾਰਜ ਦੀ ਅਸਰਦਾਇਕਤਾ ਨੂੰ ਯਕੀਨੀ ਬਣਾਉ।

ਲੋਅਰ ਮੇਨਲੈਂਡ ਵਿਚਲੇ ਕਨਟੇਨਰ ਟਰੱਕਿੰਗ ਦੇ ਕਾਰੋਬਾਰ ਵਿਚ ਆਏ ਤਾਜ਼ਾ ਮੰਦੇ ਕਰਕੇ ਕੁਝ ਡਰਾਈਵਰਾਂ ਦਾ ਕੰਮ ਘਟਿਆ ਹੈ। ਇਸੇ ਸਮੇਂ, ਕੁਝ ਲਸੰਸ ਧਾਰੀਆਂ ਨੇ ਆਪਣਾ ਟਰੱਕਿੰਗ ਕਾਰੋਬਾਰ ਵਧਾਇਆ ਹੈ, ਅਤੇ, ਇਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਵਾਧੂ ਟਰੱਕ ਟੈਗਾਂ ਅਤੇ ਡਰਾਈਵਰਾਂ ਦੀ ਲੋੜ ਪਈ ਹੈ। ਹਿੱਤ ਰੱਖਣ ਵਾਲੀਆਂ ਧਿਰਾਂ ਦੇ ਵਿਚਾਰਾਂ ਦੇ ਜਵਾਬ ਵਿਚ ਅਤੇ ਮੌਜੂਦਾ ਹਾਲਤਾਂ ਨੂੰ ਪਛਾਣਦੇ ਹੋਏ, ਓ ਬੀ ਸੀ ਸੀ ਟੀ ਸੀ ਇਕ ਸੋਧੀ ਹੋਈ ਪਾਲਸੀ ਨੂੰ ਦੁਬਾਰਾ ਲਾਗੂ ਕਰ ਰਿਹਾ ਹੈ।

ਜੇ ਕਿਸੇ ਲਸੰਸੀ ਦੇ ਟੈਗਾਂ ਦੀ ਅਲਾਟਮੈਂਟ ਵਿਚ ਕੋਈ ਵੀ ਖਾਲੀ ਟੈਗ 90 ਜਾਂ ਜ਼ਿਆਦਾ ਦਿਨਾਂ ਲਈ ਅਣਭਰੇ ਰਹਿੰਦੇ ਹਨ ਤਾਂ ਉਹ 4 ਨਵੰਬਰ, 2019 ਤੋਂ ਵਾਪਸ ਲੈ ਲਏ ਜਾਣਗੇ।

ਵਾਧੂ ਟਰੱਕ ਟੈਗ ਅਰਜ਼ੀਆਂ ਪ੍ਰਵਾਨ ਕੀਤੀਆਂ ਜਾਣਗੀਆਂ ਜੋ ਕਿ ਫੌਰੀ ਲਾਗੂ ਹੋ ਗਿਆ ਹੈ। ਵਾਧੂ ਟਰੱਕ ਟੈਗ ਲਈ ਅਰਜ਼ੀ ਦੇਣ ਦਾ ਤਰੀਕਾ ਓਹੀ ਰਹੇਗਾ (ਜਿਵੇਂ ਕਿ ਮੌਜੂਦਾ ਪਾਲਸੀ ਦੇ ਭਾਗਾਂ 5-10 ਵਿਚ ਦੱਸਿਆ ਗਿਆ ਹੈ)। ਅਰਜ਼ੀਆਂ ਦਾ ਰਿਵੀਊ ਅਕਤੂਬਰ 2019 ਦੌਰਾਨ ਹੋਵੇਗਾ ਅਤੇ ਟੈਗ ਨਵੰਬਰ ਵਿਚ ਦੁਬਾਰਾ ਵੰਡੇ ਜਾਣ ਦੀ ਸੰਭਾਵਨਾ ਹੈ।

ਓ ਬੀ ਸੀ ਸੀ ਟੀ ਸੀ ਨੇ ਆਪਣੀ ਜੁਲਾਈ 2019 ਆਈ/ਓ ਲਿਸਟ ਲਈ ਅਰਜ਼ੀਆਂ ਦਾ ਕਾਰਜ ਮੁਕੰਮਲ ਕਰ ਲਿਆ ਹੈ ਅਤੇ

ਅਕਤੂਬਰ 2019 ਦੇ ਅੰਤ `ਤੇ ਆਈ/ਓ ਲਿਸਟ ਉੱਪਰ 20 ਨਵੇਂ ਆਈ/ਓਜ਼ ਪਾਏ ਜਾਣਗੇ ਅਤੇ ਉਨ੍ਹਾਂ ਕੋਲ ਸਪੌਂਸਰਸ਼ਿਪ ਹਾਸਲ ਕਰਨ ਲਈ 30 ਦਿਨ ਹੋਣਗੇ। ਲਿਸਟ ਉੱਪਰ ਯੋਗ ਆਈ/ਓਜ਼ ਦੀ ਗਿਣਤੀ ਬਾਰੇ ਓ ਬੀ ਸੀ ਸੀ ਟੀ ਸੀ ਵਲੋਂ ਨਿਗਰਾਨੀ ਜਾਰੀ ਰਹੇਗੀ ਅਤੇ ਲਿਸਟ ਉੱਪਰ ਵਾਧੇ ਕਰਨ ਲਈ ਭਵਿੱਖ ਵਿਚ ਸੱਦੇ ਕੰਪਨੀ ਦੇ ਡਰਾਈਵਰਾਂ ਲਈ ਖੁੱਲ੍ਹੇ ਰਹਿਣਗੇ।

ਓ ਬੀ ਸੀ ਸੀ ਟੀ ਸੀ, ਕਾਰਗੁਜ਼ਾਰੀ ਦੇ ਰਿਵੀਊ ਦੇ ਮੌਜੂਦਾ ਤਰੀਕੇ ਦੀ ਵਰਤੋਂ ਕਰਦੇ ਹੋਏ ਜਨਵਰੀ 2020 ਵਿਚ, 2019 ਟਰੱਕ ਟੈਗ ਦੀ ਕਾਰਗੁਜ਼ਾਰੀ ਦਾ ਰਿਵੀਊ (ਤਿਮਾਹੀ 1 ਤੋਂ ਤਿਮਾਹੀ 4 2019 ਤੱਕ) ਕਰੇਗਾ ਪਰ ਜੂਨ 2020 ਵਿਚ ਲਸੰਸ ਜਾਰੀ ਕਰਨ ਦੇ ਅਗਲੇ ਸਮੇਂ ਰਿਵੀਊ ਕਰਨ ਦਾ ਸੋਧਿਆ ਤਰੀਕਾ ਸ਼ੁਰੂ ਕਰੇਗਾ।

ਹਿੱਤ ਰੱਖਣ ਵਾਲੀਆਂ ਧਿਰਾਂ ਅਤੇ ਓ ਬੀ ਸੀ ਸੀ ਟੀ ਸੀ ਵਲੋਂ ਪਾਲਸੀ ਵਿਚ ਤਜਵੀਜ਼ ਕੀਤੀਆਂ ਗਈਆਂ ਹੋਰ ਤਬਦੀਲੀਆਂ (ਸਮੇਤ ਔਨ ਅਤੇ ਔਫ-ਡੌਕ ਟਰੱਕ ਟੈਗਾਂ ਦੇ) ਦੀ ਅਗਾਂਹ ਪੜਤਾਲ ਕੀਤੀ ਜਾਵੇਗੀ, ਅਤੇ ਜੇ ਇਹ ਪ੍ਰਵਾਨ ਹੋ ਗਈਆਂ ਤਾਂ ਇਨ੍ਹਾਂ ਨੂੰ ਵੀ ਲਸੰਸ ਜਾਰੀ ਕਰਨ ਦੇ ਅਗਲੇ ਸਮੇਂ ਦੌਰਾਨ ਲਾਗੂ ਕੀਤਾ ਜਾਵੇਗਾ।

ਸੱਚੇ ਦਿਲੋਂ,

**ਆਫਿਸ ਔਫ ਦਿ ਬੀ ਸੀ ਕਨਟੇਨਰ ਟਰੱਕਿੰਗ ਕਮਿਸ਼ਨਰ**

ਮਾਈਕਲ ਕਰੌਫਰਡ
ਕਮਿਸ਼ਨਰ

ਸ਼ੈਰਲ ਕੌਜਨੀਐਕ
ਡਿਪਟੀ ਕਮਿਸ਼ਨਰ